# ਸਿਫਲਿਸ (Syphilis) ਤੋਂ ਬਚਾਓ ਅਤੇ ਦੇਖਭਾਲ:

## ਕਮਿਊਨਿਟੀ-ਅਧਾਰਤ ਸੰਸਥਾਵਾਂ ਲਈ ਨੁੱਕਤੇ

ਸਿਫਲਿਸ (Syphilis) ਤੋਂ ਬਚਾਓ ਅਤੇ ਦੇਖਭਾਲ ਵਾਲੇ ਮਰੀਜ਼ਾਂ ਦੀ ਮਦਦ ਵਾਸਤੇ ਸਰਵਿਸ ਪ੍ਰੋਵਾਈਡਰ ਵਜੋਂ ਕਾਰਵਾਈਆਂ ਤੁਸੀਂ ਕਰ ਸਕਦੇ ਹੋ

ਸਰਵਿਸ ਪ੍ਰੋਵਾਈਡਰ ਵਜੋਂ, ਸਿਫਲਿਸ (Syphilis) ਦੇ ਵੱਧ ਰਹੇ ਰੇਟਾਂ ਨੂੰ ਘਟਾਉਣ ਲਈ ਕੈਨੇਡਾ ਦੀਆਂ ਕੋਸ਼ਿਸ਼ਾਂ ਵਿਚ ਤੁਸੀਂ ਜ਼ਰੂਰੀ ਹਿੱਸੇਦਾਰ ਹੋ। ਆਪਣੀਆਂ ਕਮਿਊਨਿਟੀਆਂ ਵਿਚ ਪ੍ਰਮੁੱਖ ਵਸੋਂ ਨਾਲ ਸਥਾਪਤ ਸੰਬੰਧਾਂ ਰਾਹੀਂ, ਤੁਸੀਂ ਸੈਕਸੂਅਲ ਹੈਲਥ ਬਾਰੇ ਗੱਲਬਾਤ ਨੂੰ ਆਮ ਅਤੇ ਰੌਸ਼ਨਮਈ ਕਰਕੇ ਮਦਦ ਨੂੰ ਜਾਰੀ ਰੱਖ ਸਕਦੇ ਹੋ ਅਤੇ ਉਨ੍ਹਾਂ ਮਰੀਜ਼ਾਂ ਲਈ ਪਹਿਲਾ ਸੰਪਰਕ ਹੋ ਸਕਦੇ ਹੋ ਜਿਹੜੇ ਹੈਲਥ ਕੇਅਰ ਸਿਸਟਮ ਤੀਕ ਪਹੁੰਚਣ ਵਿਚ ਅਸੁਖਾਂਵਾਂ ਮਹਿਸੂਸ ਕਰ ਸਕਦੇ ਹਨ।

# ਸਿਫਲਿਸ (Syphilis) ਤੋਂ ਬਚਾਓ ਅਤੇ ਦੇਖਭਾਲ ਵਾਲੇ ਮਰੀਜ਼ਾਂ ਨਾਲ ਗੱਲਬਾਤ ਲਈ ਨੁੱਕਤੇ

## ਸਿੱਖੋ

### ਸਿਫਲਿਸ (Syphilis) ਤੋਂ ਬਚਾਓ, ਟੈਸਟਿੰਗ ਅਤੇ ਇਲਾਜ ਬਾਰੇ ਜਾਣੋ

- ਸਿਫਲਿਸ (Syphilis) ਤੋਂ ਬਚਾਓ ਅਤੇ ਦੇਖਭਾਲ ਬਾਰੇ ਆਪਣੀ ਸੁੱਖਦਮਈ ਗੱਲਬਾਤ ਨੂੰ ਵਧਾਉਣ ਲਈ ਭਰੋਸੇਯੋਗ ਸ੍ਰੋਤ ਜਿਵੇਂ ਸੈਕਸੂਅਲ ਹੈਲਥ ਜਾਣਕਾਰ ਬਰੋਕਰਜ਼ ਜਾਂ ਸਰਕਾਰਾਂ ਵਲੋਂ ਪਬਲਿਸ਼ ਕੀਤੇ ਸਰੋਤ ਦੇਖੋ।
- ਆਪਣੀ ਜਾਣਕਾਰੀ ਦੀ ਮਦਦ ਵਾਸਤੇ ਵਾਧੂ ਸਰੋਤਾਂ ਲਈ ਹੇਠਾਂ ਦਿਤੇ ਲਿੰਕਸ ਤੇ ਜਾਓ:
  - ਸਿਫਲਿਸ (Syphilis), ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (PHAC): https://www.canada.ca/syphilis
  - ਸਿਫਲਿਸ (Syphilis) ਸਰੋਤ, CATIE: https://www.catie.ca/syphilis-resources

## ਗੱਲਬਾਤ ਕਰਨਾ

### ਸਿਫਲਿਸ (Syphilis) ਬਾਰੇ ਪ੍ਰਮੁੱਖ ਜਾਣਕਾਰੀ ਸਾਂਝੀ ਕਰੋ ਅਤੇ ਪ੍ਰਸ਼ਨਾਂ ਦੇ ਜਵਾਬ ਦੇਣ ਲਈ ਤਿਆਰ ਰਹੋ।

**ਮਹੱਤਤਾ**

- ਜੇ ਬੇਇਲਾਜ਼ ਛੱਡੀ ਜਾਵੇ ਤਾਂ ਸਿਫਲਿਸ (Syphilis) ਬਹੁਤ ਸਾਰੇ ਅੰਗਾਂ ਅਤੇ ਸਿਸਟਮਾਂ ਸਮੇਤ ਦਿਮਾਗ, ਅੱਖਾਂ, ਦਿਲ, ਨਾੜਾਂ ਅਤੇ ਹੱਡੀਆਂ ਤੇ ਅਸਰ ਕਰਕੇ, ਗੰਭੀਰ ਹੈਲਥ ਮੁਸ਼ਕਲਾਂ ਪੈਦਾ ਕਰ ਸਕਦੀ ਹੈ।
- ਗਰਭਵਤੀ ਹੋਣ ਤੇ ਸਿਫਲਿਸ (Syphilis) ਦਾ ਇਲਾਜ਼ ਨਾ ਕਰਨ ਤੇ ਗਰਭਪਾਤ ਹੋਣਾ ਜਾਂ ਨਿਰਜੀਵ ਬੱਚਾ ਪੈਦਾ ਹੋਣਾ, ਜਾਂ ਜਮਾਂਦਰੂ ਸਿਫਲਿਸ (Syphilis) ਹੋ ਸਕਦੀ ਹੈ
- ਜਦ ਕਿ ਜ਼ਿਆਦਾਤਰ ਲੋਕ ਆਪਣੇ ਆਪ ਲਈ ਖ਼ਤਰਾ ਨਹੀਂ ਸਮਝਦੇ, ਪਰ ਜੋ ਵੀ ਸੈਕਸੂਅਲੀ ਐਕਟਿਵ ਹੈ, ਉਸਨੂੰ ਸਿਫਲਿਸ (Syphilis) ਹੋ ਸਕਦੀ ਹੈ
- ਕੈਨੇਡਾ ਵਿਚ ਸਿਫਲਿਸ (Syphilis) ਦੇ ਕੇਸ ਵੱਧ ਰਹੇ ਹਨ; 2022 ਵਿਚ ਲਾਗ ਵਾਲੇ ਸਿਫਲਿਸ (Syphilis) ਦੇ 13,953 ਕੇਸ ਰਿਪੋਰਟ ਕੀਤੇ ਗਏ ਸਨ ਅਤੇ ਅਗੇਤੇ ਜਮਾਂਦਰੂ ਸਿਫਲਿਸ (Syphilis) ਦੇ 117 ਕੇਸਾਂ ਦੀ ਪੁਸ਼ਟੀ ਹੋਈ ਸੀ।



Canada

**ਸੰਚਾਰਣ**

- ਸਿਲਫਿਸ (Syphilis) ਸੈਕਸੂਅਲੀ ਸੰਚਾਰਣ ਵਾਲੀ ਲਾਗ ਹੈ ਜੋ ਜਣਨ-ਅੰਗ, ਅੰਤਰਾਲ, ਜਾਂ ਮੂੰਹ ਰਾਹੀਂ ਸੈਕਸ ਦੌਰਾਨ ਲਾਗ ਵਾਲੇ ਜਖ਼ਮ ਦੇ ਸਿੱਧੇ ਸੰਪਰਕ ਕਾਰਨ ਹੋ ਜਾਂਦੀ ਹੈ।
- ਸਿਲਫਿਸ (Syphilis) ਗਰਭ ਦੌਰਾਨ ਪਲੈਸੈਂਟਾ ਰਾਹੀਂ ਜਾਂ ਜਨਮ ਦੌਰਾਨ ਲਾਗ ਵਾਲੇ ਜਖ਼ਮ ਦੇ ਸਿੱਧੇ ਸੰਪਰਕ ਕਾਰਨ ਬੱਚਿਆਂ ਨੂੰ ਹੋ ਜਾਂਦੀ ਹੈ।n
- ਸਿਲਫਿਸ (Syphilis) ਮੁੱਢਲੇ ਪੜਾਅ ਵਿਚ ਜ਼ਿਆਦਾ ਛੂਤਕਾਰੀ ਹੁੰਦੀ ਹੈ ਜਦੋਂ ਹੋ ਸਕਦਾ ਹੈ ਕਿ ਲੋਕ ਕਿਸੇ ਲੱਛਣ ਵੱਲ ਧਿਆਨ ਨਾ ਦੇਣ।

**ਟੈਸਟਿੰਗ[1]**

- ਸਿਲਫਿਸ (Syphilis) ਆਮ ਤੌਰ 'ਤੇ ਬਲੱਡ ਸੈਂਪਲਜ਼ ਰਾਹੀਂ ਟੈਸਟ ਕੀਤੀ ਜਾਂਦੀ ਹੈ; ਕਿਸੇ ਜਖ਼ਮ ਜਾਂ ਝਰੀਟ ਤੋਂ ਸਵੈਬ ਵੀ ਲਿਆ ਜਾ ਸਕਦਾ ਹੈ।
- ਨਵੇਂ ਸਾਥੀ ਨਾਲ ਜਾਂ ਬਹੁਤੇ ਸਾਥੀਆਂ ਨਾਲ ਸਾਰੇ ਹੀ ਸੈਕਸੂਅਲੀ ਐਕਟਿਵ ਵਿਅਕਤੀਆਂ ਵਾਸਤੇ ਅਤੇ ਜਾਂ ਨਿੱਜੀ ਬੇਨਤੀ 'ਤੇ ਸਿਲਫਿਸ (Syphilis) ਟੈਸਟਿੰਗ ਦੀ ਸਿਫਾਰਸ਼ ਕੀਤੀ ਜਾਂਦੀ ਹੈ।
- ਬਹੁਤੇ ਸੈਕਸੂਅਲ ਸਾਥੀਆਂ ਵਾਲੇ ਵਿਅਕਤੀਆਂ ਵਾਸਤੇ ਹਰੇਕ 3-6 ਮਹੀਨਿਆਂ ਬਾਅਦ ਸਿਲਫਿਸ (Syphilis) ਟੈਸਟਿੰਗ ਦੀ ਸਿਫਾਰਸ਼ ਕੀਤੀ ਜਾਂਦੀ ਹੈ।
- ਗਰਭਵਤੀ ਔਰਤਾਂ ਲਈ ਪਹਿਲੀ ਤਿਮਾਹੀ ਜਾਂ ਗਰਭ ਹੋਣ ਤੇ ਪਹਿਲੀ ਵਾਰ ਡਾਕਟਰ ਕੋਲ ਜਾਣ ਵੇਲੇ ਯੂਨੀਵਰਸਲ ਟੈਸਟਿੰਗ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਅਤੇ ਵੱਧ ਖ਼ਤਰੇ ਵਾਲਿਆਂ ਲਈ ਤੀਸਰੀ ਤਿਮਾਹੀ ਅਤੇ ਜਣੇਪੇ ਦੌਰਾਨ ਦੁਬਾਰਾ ਟੈਸਟਿੰਗ ਕਰਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

**ਇਲਾਜ**

- ਆਮ ਤੌਰ ਤੇ ਇੰਜੈਕਸ਼ਨ ਰਾਹੀਂ ਦਿਤੇ ਐਂਟੀਬਾਇਓਟਿਕਸ ਨਾਲ ਸਿਲਫਿਸ (Syphilis) ਦਾ ਇਲਾਜ ਹੋ ਸਕਦਾ ਹੈ ਅਤੇ ਠੀਕ ਹੋ ਸਕਦੀ ਹੈ, ਅਤੇ ਸੈਕਸੂਅਲ ਸਾਥੀਆਂ ਵਿਚ ਸਿਲਫਿਸ (Syphilis) ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ।
- ਗਰਭ ਦੌਰਾਨ ਸਿਲਫਿਸ (Syphilis) ਦਾ ਇਲਾਜ ਸੁਰੱਖਿਅਤ ਹੈ ਅਤੇ ਕੁੱਖ ਵਿਚ ਪਲ ਰਹੇ ਬੱਚਿਆਂ ਵਿਚ ਸਿਲਫਿਸ (Syphilis) ਦੇ ਫੈਲਣ ਤੋਂ ਬਚਾਅ ਹੋ ਸਕਦਾ ਹੈ।

**ਫਾਲੋ-ਅੱਪ ਕਰਨਾ**

- ਇਹ ਨਿਸਚਿੱਤ ਕਰਨ ਲਈ ਕਿ ਸਿਲਫਿਸ (Syphilis) ਠੀਕ ਹੋ ਗਈ ਹੈ, ਇਲਾਜ ਤੋਂ ਬਾਅਦ ਨਿਯਮਤ ਫਾਲੋ-ਅੱਪ ਕਰਨਾ ਮਹੱਤਵਪੂਰਨ ਹੈ, ਅਤੇ ਸਿਹਤਮੰਦ ਭਵਿੱਖ ਲਈ ਸੈਕਸੂਅਲ ਅਤੇ ਪ੍ਰਜਨਨ ਹੈਲਥ ਬਾਰੇ ਪ੍ਰਮੁੱਖ ਜਾਣਕਾਰੀ ਪ੍ਰਾਪਤ ਕਰਨ ਵਾਸਤੇ ਇਕ ਮੌਕਾ ਹੈ।

**ਨੋਟੀਫਿਕੇਸ਼ਨ**

- ਸਾਰੀ ਕਮਿਊਨਿਟੀ ਦੀ ਹੈਲਥ ਦੇ ਨਿਰੀਖਣ ਲਈ ਮਦਦ ਵਾਸਤੇ, ਪਾਜੇਟਿਵ ਟੈਸਟ ਰਿਜਲਟ ਲੋਕਲ ਪਬਲਿਕ ਹੈਲਥ ਯੂਨਿਟਾਂ ਨੂੰ ਰਿਪੋਰਟ ਕੀਤੇ ਜਾਂਦੇ ਹਨ
- ਸਿਰਫ਼ ਮਰੀਜ, ਉਨ੍ਹਾਂ ਦੇ ਹੈਲਥ ਕੇਅਰ ਪ੍ਰੋਵਾਈਡਰ ਅਤੇ ਪਬਲਿਕ ਹੈਲਥ ਨਰਸ ਹੀ ਜਾਨਣਗੇ ਕਿ ਉਨ੍ਹਾਂ ਨੂੰ ਲਾਗ ਹੈ
- ਪਬਲਿਕ ਹੈਲਥ ਨਰਸ ਮਰੀਜ ਨੂੰ ਮੌਜੂਦਾ ਅਤੇ ਪਿਛਲੇ ਸਾਥੀਆਂ ਨੂੰ ਇਹ ਸੂਚਨਾ ਦੇਣ ਵਿਚ ਮਦਦ ਕਰ ਸਕਦੀ ਹੈ ਕਿ ਉਨ੍ਹਾਂ ਨੂੰ ਟੈਸਟ ਕਰਵਾਉਣ ਦੀ ਲੋੜ ਹੈ।

## ਸਮਰਥਨ

### ਸੈਕਸੂਅਲ ਹੈਲਥ ਸਰਵਿਸਜ਼ ਅਤੇ ਦੂਸਰੇ ਸ਼ੋਸ਼ਲ ਸਮਰਥਨਾਂ ਦਾ ਪਤਾ ਕਰਨ ਵਿਚ ਮਰੀਜਾਂ ਦੀ ਮਦਦ ਕਰੋ

- ਵਧੇਰੇ ਸਰੋਤਾਂ ਵਾਸਤੇ ਹੇਠਾਂ ਦਿਤੇ ਲਿੰਕਸ 'ਤੇ ਜਾਓ ਜੋ ਸੈਕਸੂਅਲ ਹੈਲਥ ਸਰਵਿਸਜ਼ ਅਤੇ ਦੂਸਰੇ ਸ਼ੋਸ਼ਲ ਸਮਰਥਨਾਂ ਦਾ ਪਤਾ ਕਰਨ ਵਿਚ ਮਰੀਜਾਂ ਦੀ ਮਦਦ ਵਾਸਤੇ ਤੁਹਾਡੀ ਮਦਦ ਕਰ ਸਕਦੇ ਹਨ:
  - ਸੇਵਾ ਖੋਜੀ, CATIE: https://whereto.catie.ca/
  - ਤੁਹਾਡੇ ਨੇੜੇ ਸੇਵਾਵਾਂ ਅਤੇ ਸਹਾਇਤਾ, NWAC: https://stbbi.nwac.ca/services-and-supports-near-you/

[1] ਜ਼ਿਆਦਾ ਵਿਸਥਾਰ ਲਈ, ਹੈਲਥ ਪ੍ਰੋਫੈਸ਼ਨਲਾਂ ਵਾਸਤੇ STBBI ਗਾਈਡਾਂ ਦੇਖੋ : Syphilis guide: Screening and diagnostic testing on Canada.ca. ਸਿਫਾਰਸ਼ਾਂ, ਸੂਬਾਈ/ਖੇਤਰੀ ਵਿਧਾਨ, ਰੈਗੂਲੇਟਰੀ, ਪਾਲਸੀ ਤੇ ਪ੍ਰੈਕਟਿਸ ਦੀਆਂ ਲੋੜਾਂ ਜਾਂ ਪ੍ਰੋਫੈਸ਼ਨਲ ਗਾਈਡਲਾਈਨਾਂ ਤੋਂ ਉਪਰ ਨਹੀਂ ਹਨ ਜਿਹੜੀਆਂ ਹੈਲਥ ਪ੍ਰੋਫੈਸ਼ਨਲਾਂ ਦੀ ਪ੍ਰੈਕਟਿਸ ਨੂੰ ਉਨ੍ਹਾਂ ਦੇ ਸਬੰਧਤ ਅਧਿਕਾਰ ਖੇਤਰ ਵਿਚ ਸ਼ਾਸਨ ਕਰਦੀਆਂ ਹਨ, ਜਿਹੜੀਆਂ ਸਿਫਾਰਸ਼ਾਂ ਲੋਕਲ ਮਹਾਂ-ਵਿਗਿਆਨ ਜਾਂ ਸੰਦਰਭ ਕਾਰਨ ਵੱਖਰੀਆਂ ਹੋ ਸਕਦੀਆਂ ਹਨ।

©ਕੈਨੇਡਾ ਦੇ ਹੱਕ ਵਿਚ ਮਹਾਰਾਜਾ, ਦੀ ਨੁਮਾਇੰਦਗੀ ਕਰਦੇ ਸਿਹਤ ਮੰਤਰੀ, 2024 Pub: 230890 | Cat: H14-581/2024Pan-PDF // H14-581/2024Pan (Print) |
ISBN: 978-0-660-70879-9 (PDF) / 978-0-660-70880-5 (Print)



Canada